Roll No. .................. Total Pages : 4

**425**

**DBAQ/A-15**

PANJABI (Compulsory)

Time : Three Hours] [Maximum Marks : 80

ਨੋਟ : ਸਾਰੇ ਪ੍ਰਸ਼ਨ ਹੱਲ ਕਰਨੇ ਹਨ।

**1.** ਹੇਠ ਲਿਖੇ ਕਵੀਆਂ ਵਿਚੋਂ **ਇਕ** ਦੇ ਜੀਵਨ ਅਤੇ ਰਚਨਾ ਉੱਤੇ ਨੋਟ ਲਿਖੋ:

(ੳ) ਗੁਰੂ ਨਾਨਕ ਦੇਵ

(ਅ) ਗੁਰੂ ਤੇਗ ਬਹਾਦਰ

(ੲ) ਭਾਈ ਗੁਰਦਾਸ 5

**2.** ਹੇਠ ਲਿਖੇ ਪੈਰ੍ਹਿਆਂ ਵਿਚੋਂ **ਦੋ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਨਾਨਕ ਦੁਨੀਆ ਕੀਆ ਵਡਿਆਈਆ ਅਗੀ ਸੇਤੀ ਜਾਲਿ।।
ਏਨੀ ਜਲੀ ਈਂ ਨਾਮ ਵਿਸਾਰਿਆ ਇਕ ਨ ਚਲੀਆ ਨਾਲਿ।।

(ਅ) ਸੰਤ ਕੇ ਨਿੰਦਕ ਕਉ ਸਰਬ ਰੋਗ।।
ਸੰਤ ਕੇ ਨਿੰਦਕ ਕਉ ਸਦਾ ਵਿਜੋਗ।।
ਸੰਤ ਕੀ ਨਿੰਦਾ ਦੋਖ ਮਹਿ ਦੋਖੁ।।
ਨਾਨਕ ਸੰਤ ਭਾਵੈ ਤਾ ਓਸ ਕਾ ਭੀ ਹੋਇ ਮੋਖੁ।।

(ੲ) ਫਰੀਦਾ ਜੇ ਤੂੰ ਅਕਲਿ ਲਤੀਫੁ ਹੈ ਕਾਲੇ ਲਿਖੁ ਨ ਲੇਖ।।
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾ ਕਰਿ ਦੇਖੁ।।

(ਸ) ਸਾਹਿਬਾਂ ਪੜ੍ਹੇ ਪੱਟੀਆਂ ਮਿਰਜਾ ਪੜ੍ਹੇ ਕੁਰਾਨ।।
ਵਿਚ ਮਸੀਤ ਦੇ ਲਗੀਆਂ ਜਾਣੇ ਕੁਲ ਜਹਾਨ।।
ਨਾ ਮਾਰ ਕਾਜ਼ੀ ਛਮਕਾਂ ਨਾ ਦੇਹ ਤਤੀ ਨੂੰ ਤਾਇ।।
ਪੜ੍ਹਨਾ ਸਾਡਾ ਰਹਿ ਗਿਆ ਲੈ ਆਏ ਇਸ਼ਕ ਲਿਖਾਇ।।

10+10=20

3. ਹੇਠ ਲਿਖੇ ਵਾਰਤਕਕਾਰਾਂ ਵਿਚੋਂ **ਇਕ** ਦੀ ਜੀਵਨੀ ਅਤੇ ਰਚਨਾ ਉੱਤੇ ਨੋਟ ਲਿਖੋ :
(ੳ) ਪ੍ਰੋ. ਪੂਰਨ ਸਿੰਘ
(ਅ) ਪ੍ਰਿੰ. ਤੇਜਾ ਸਿੰਘ
(ੲ) ਬਲਵੰਤ ਗਾਰਗੀ 5

4. ਹੇਠ ਲਿਖੇ ਲੇਖਾਂ ਵਿਚੋਂ **ਇਕ** ਦਾ ਆਲੋਚਨਾਤਮਕ ਅਧਿਐਨ ਪੇਸ਼ ਕਰੋ :
(ੳ) ਵਤਨ ਦਾ ਪਿਆਰ
(ਅ) ਗੁਸਲਖਾਨਾ
(ੲ) ਸੰਤਾਂ ਸਾਧਾਂ ਲਈ ਸ਼ਰਧਾ 20

5. ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਨੂੰ ਪੱਤਰ ਲਿਖੋ ਅਤੇ ਦੱਸੋ ਕਿ ਤੁਹਾਡੇ ਸ਼ਹਿਰ ਵਿਚ ਕਿੰਨਾ ਗੱਲਾਂ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ।

ਜਾਂ

ਕਿਸੇ ਅਖਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ ਜਿਸ ਵਿਚ ਤੁਹਾਡੇ ਸ਼ਹਿਰ ਵਿਚ ਵਧ ਰਹੀਆਂ ਚੋਰੀ ਦੀਆਂ ਵਾਰਦਾਤਾਂ ਬਾਰੇ ਦਸੋ। 10



6. ਹੇਠ ਦਿਤੇ ਪੈਰੇ ਵਿਚੋਂ ਹੇਠ ਲਿਖੇ ਸਵਾਲਾਂ ਦੇ ਉੱਤਰ ਦਿਓ :

ਮਨੁੱਖੀ ਜੀਵਨ ਵਿਚ ਪੈਸੇ ਅਤੇ ਚੀਜਾਂ ਦੀ ਬਚਤ ਦੀ ਭਾਰੀ ਮਹਾਨਤਾ ਹੈ। ਬਚਤ ਦਾ ਲਾਭ ਮਨੁੱਖ ਦੇ ਆਪਣੇ ਆਪ ਦੇ ਨਾਲ ਨਾਲ ਸਮਾਜ ਨੂੰ ਵੀ ਹੁੰਦਾ ਹੈ। ਬਚਤ ਤੋਂ ਬਿਨਾਂ ਆਦਮੀ ਵਿਕਾਸ ਨਹੀਂ ਕਰ ਸਕਦਾ। ਬਹੁਤ ਸਾਰੀਆਂ ਅਜਿਹੀ ਗੱਲਾਂ ਹਨ ਜੋ ਕਰਕੇ ਅਸੀਂ ਬਚਤ ਕਰ ਸਕਦੇ ਹਾਂ। ਜਿਵੇਂ ਬਿਜਲੀ ਬਿਨਾਂ ਲੋੜ੍ਹ ਤੋਂ ਨਾ ਵਰਤੀਏ। ਬਿਨਾਂ ਜਰੂਰਤ ਤੋਂ ਕਪੜੇ ਨਾ ਖਰੀਦੀਏ, ਬਿਨਾਂ ਮਤਲਬ ਬਾਜ਼ਾਰ ਵਿਚੋਂ ਚੀਜਾਂ ਲੈਕੇ ਖਾਣਾ ਆਦਿ ਕੰਮਾਂ ਤੋਂ ਬਚਤ ਕੀਤੀ ਜਾ ਸਕਦੀ ਹੈ ਅਤੇ ਇਹ ਫਿਰ ਅਗੋਂ ਸਾਡੇ ਭਵਿੱਖ ਲਈ ਵਿਚ ਸਹਾਈ ਹੋ ਸਕਦੀ ਹੈ।

ਪ੍ਰਸ਼ਨ :
(i) ਮਨੁੱਖੀ ਜੀਵਨ ਵਿਚ ਕਿਸ ਚੀਜ ਦਾ ਮਹਤੱਵ ਹੈ ?
(ii) ਬਚਤ ਦਾ ਫਾਇਦਾ ਕਿਸ ਨੂੰ ਹੁੰਦਾ ਹੈ ?
(iii) ਆਦਮੀ ਨੂੰ ਆਪਣੇ ਵਿਕਾਸ ਲਈ ਕੀ ਕਰਨਾ ਚਾਹੀਦਾ ਹੈ ?
(iv) ਬਚਤ ਦੇ ਕੀ ਤਰੀਕੇ ਹਨ ?
(v) ਬਚਤ ਸਾਡੇ ਕਿਸ ਕੰਮ ਆ ਸਕਦੀ ਹੈ ? 5

7. ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਕੇ ਲਿਖੋ :

ਘਰੇਲੂ ਬਗੀਚਾ ਘਰ ਦੀ ਸੁੰਦਰਤਾ ਨੂੰ ਚਾਰ ਚੰਨ ਲਾ ਦੇਂਦਾ ਹੈ। ਹਰੇ ਭਰੇ ਰੁੱਖਾਂ, ਵੇਲਾਂ ਅਤੇ ਰੰਗ ਬਿਰੰਗੇ ਫੁੱਲਾਂ ਨਾਲ ਭਰਿਆ ਬਗੀਚਾ ਘਰ ਵਿਚ ਰਹਿਣ ਵਾਲਿਆਂ ਨੂੰ ਆਨੰਦ ਨਾਲ ਭਰ ਦੇਂਦਾ ਹੈ। ਖਿੜੇ ਫੁੱਲਾਂ ਨੂੰ ਵੇਖਕੇ ਬਿਮਾਰ ਆਦਮੀ ਵੀ ਠੀਕ-ਠੀਕ ਮਹਿਸੂਸ ਕਰਦਾ ਹੈ। ਇਸ ਲਈ ਹਰ ਘਰ ਵਿਚ ਇਕ ਬਗੀਚਾ ਹੋਣਾ ਚਾਹੀਦਾ ਹੈ। 5

8. ਹੇਠ ਲਿਖੇ ਪੈਰੇ ਵਿਚ ਲਿੰਗ ਵਚਨ ਬਦਲਦੇ ਹੋਏ ਸਹੀ ਜਗਾ ਤੇ ਕੌਮੇ ਅਤੇ ਵਿਸਰਾਮ ਵੀ ਲਾਓ :

ਕੁੜੀ ਅਤੇ ਮੁੰਡਾ ਆਪਸ ਵਿਚ ਗੱਲਾਂ ਕਰ ਰਹੇ ਸਨ ਗੱਲਾਂ ਕਰਦੇ ਕਰਦੇ ਉਹਨਾਂ ਨੂੰ ਧਿਆਨ ਹੀ ਨਾ ਰਿਹਾ ਕਿ ਕਿਸ ਵੇਲੇ ਸੂਰਜ ਡੁੱਬ ਗਿਆ ਉਹ ਆਪਣੀਆਂ ਗੱਲਾਂ ਵਿਚ ਏਨੇ ਮਸਤ ਸਨ ਇਸ ਗੱਲ ਦਾ ਉਨ੍ਹਾਂ ਨੂੰ ਓਦੋਂ ਪੱਤਾ ਲੱਗਾ ਜਦੋਂ ਕੋਲੋਂ ਲੰਘਦੇ ਰਾਹੀ ਨੇ ਉਨ੍ਹਾਂ ਨੂੰ ਸਮਾਂ ਪੁੱਛਿਆ ਇਸ ਉਪਰੰਤ ਉਹ ਉਥੋਂ ਉਠ ਕੇ ਆਪਣੇ ਘਰ ਨੂੰ ਤੁਰ ਪਏ। 10

---